ਬੱਚਿਆਂ ਲਈ ਬਾਈਬਲ
ਉਪੱਸਥਿਤ



# ਦਾਨੀਏਲ ਅਤੇ ਸ਼ੇਰਾਂ ਦੇ ਘੁਰੇ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay

ਦੁਆਰਾ ਬਦਲਿਆ ਗਿਆ : Mary-Anne S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਦਾਰਾ ਬੇਬੀਲੋਨ ਦਾ ਨਵਾਂ ਬਾਦਸ਼ਾਹ ਸੀ। ਉਹ ਚੰਗਾ ਸੀ। ਉਸ ਨੇ ਇੱਕ ਸੋ ਵੀਹ (120) ਮਨਸਬਦਾਰਾਂ ਨੂੰ ਚੁਣਿਆ ਜੋ ਰਾਜ ਨੂੰ ਚਲਾਉਣ ਵਿੱਚ ਉਸਦੀ ਮਦਦ ਕਰਨ।



ਤਦ ਉਸਨੇ ਉਹਨਾ ਉੱਤੇ ਪਰਧਾਨ ਹੋਣ ਲਈ
ਤਿੰਨਾਂ ਨੂੰ ਚੁਣਿਆ। ਦਾਨੀਏਲ
ਉਹਨਾਂ ਤਿੰਨਾਂ
ਵਿੱਚੋ ਇੱਕ
ਸੀਂ।



ਬਾਦਸ਼ਾਹ ਦਾਰਾ ਦਾਨੀਏਲ ਦੀ ਇੱਜਤ ਕਰਦਾ ਸੀ, ਉਸਨੇ ਉਸ ਨੂੰ ਸਾਰੇ ਰਾਜ ਉੱਤੇ ਮੁਖਤਿਆਰ ਬਣਾਉਣ ਲਈ ਸੋਚਿਆ।



ਬਾਕੀ ਮਨਸਬਦਾਰ ਉਸ ਤੋਂ ਨਫਰਤ ਕਰਦੇ ਸੀ। ਉਹਨਾਂ ਨੇ ਦਾਨੀਏਲ ਵਿੱਚ ਕੁਝ ਦੋਸ਼ ਲੱਭਣ ਦੀ ਯੋਜਨਾ ਬਣਾਈ ਤਾਂ ਜੋ ਉਹ ਬਾਦਸ਼ਾਹ ਦੇ ਅੱਗੇ ਦਾਨੀਏਲ ਨੂੰ ਮੁਸੀਬਤ
ਵਿੱਚ ਪਾਉਣ।



ਕੋਈ ਫਰਕ ਨਹੀ ਪੈਂਦਾ ਉਹਨਾ ਕਿਵੇਂ ਕੋਸ਼ਿਸ਼ ਕੀਤੀ, ਉਹਨਾ ਮਨਸਬਦਾਰਾਂ ਨੂੰ ਦਾਨੀਏਲ ਦੇ ਬਾਰੇ ਕੋਈ ਦੋਸ਼ ਨਾ ਮਿਲਿਆ। ਦਾਨੀਏਲ ਸਾਰੀਆਂ ਗੱਲਾਂ ਵਿੱਚ ਬਾਦਸ਼ਾਹ ਨਾਲ ਵਫਾਦਾਰ ਸੀ। ਨਾਲ ਹੀ ਉਹ ਸਮਝਦਾਰ ਅਤੇ ਚੁਕੰਨਾ ਸੀ, ਅਤੇ ਹਰ ਵੇਲੇ ਉਹ ਬਹੁਤ ਚੰਗਾ ਕਰਦਾ ਸੀ।



ਈਰਖਾਲੂ ਮਨਸਬਦਾਰ ਜਾਣ ਗਏ ਕੀ ਉਹ ਦਾਨੀਏਲ ਨੂੰ ਇੱਕ ਹੀ ਰਾਸਤੇ ਨਾਲ ਧੋਖਾ ਦੇ ਸਕਦੇ ਹਨ। ਉਹ ਜਾਣਦੇ ਸਨ ਕੀ ਧਰਤੀ ਤੇ ਕੋਈ ਵੀ ਉਸਨੂੰ ਇਸਰਏਲ ਦੇ ਪਰਮੇਸ਼ਵਰ ਦੀ ਉਪਾਸਨਾ ਕਰਨ ਤੋਂ ਨਹੀ ਰੋਕ ਸਕਦਾ।



ਦਾਨੀਏਲ ਦੇ ਦੁਸ਼ਮਣਾਂ ਨੇ ਇੱਕ ਯੋਜਨਾ ਬਣਾਈ। ਉਹਨਾ ਨੇ ਇੱਕ ਨਵਾਂ ਕਾਨੂੰਨ ਬਾਦਸ਼ਾਹ ਦੇ ਹਸਤਾਖਰ ਲਈ ਬਣਾਇਆ।




ਕਾਨੂੰਨ ਕਹਿੰਦਾ ਸੀ ਕੀ ਸਾਰੇ ਬਾਦਸ਼ਾਹ ਦਾਰਾ ਦੇ ਆਗੇ ਪ੍ਰਾਥਨਾ ਕਰਨਗੇ। ਜੋ ਵੀ ਆਗਿਆ ਦੀ ਉਲੰਗਣਾ ਕਰੇਗਾ ਸ਼ੇਰਾਂ ਦੇ ਘੁਰੇ ਵਿੱਚ ਸੁਟਿਆ ਜਾਵੇਗਾ!

ਬਾਦਸ਼ਾਹ ਦਾਰਾ ਨੇ ਨਵੇਂ ਕਾਨੂੰਨ ਉੱਤੇ ਹਸਤਾਖਰ ਕੀਤੇ।





ਨਵਾਂ ਕਾਨੂੰਨ ਦਾਨੀਏਲ ਵਿੱਚ ਕੋਈ ਬਦਲਾਵ ਨਾ ਲਿਆ ਸਕਿਆ। ਉਸ ਨੇ ਉਵੇਂ ਹੀ ਕੀਤਾ ਜਿਵੇਂ ਉਹ ਹਮੇਸ਼ਾਂ ਕਰਦਾ ਸੀ। ਉਸ ਨੇ ਦਿਨ ਵਿੱਚ ਤਿੰਨ ਵਾਰ ਆਪਣੀ ਖੁੱਲੀ ਹੋਈ ਖਿੜਕੀ ਦੇ ਸਾਹਮਣੇ, ਆਪਣੇ ਸਵਰਗੀਯ ਪਰਮੇਸ਼ਵਰ ਦੇ ਸਾਹਮਣੇ ਪ੍ਰਾਥਨਾ ਕੀਤੀ।





ਈਰਖਾਲੂ ਮਨਸਬਦਾਰ ਛੇਤੀ ਨਾਲ ਬਾਦਸ਼ਾਹ ਨੂੰ ਦੱਸਣ ਗਏ। ਬਾਦਸ਼ਾਹ ਦਾਰਾ ਕੋਲ ਦਾਨੀਏਲ ਨੂੰ ਫੜਵਾਉਣ ਤੋਂ ਬਿਨਾਂ ਕੋਈ ਚਾਰਾ ਨਹੀ ਸੀ। ਕਾਨੂੰਨ ਦੀ ਪਾਲਣਾ ਜਰੂਰੀ ਸੀ।



ਦਾਨੀਏਲ ਨੂੰ ਮਰਣਾ ਪੈਣਾ ਸੀ। ਬਾਦਸ਼ਾਹ ਨੇ ਸਖਤ ਕੋਸ਼ਿਸ਼ ਕੀਤੀ, ਪਰ ਉਹ ਕਾਨੂੰਨ ਨੂੰ ਬਦਲਣ ਦਾ ਕੋਈ ਰਸਤਾ ਨਾ ਕੱਢ ਸਕਿਆ।

ਦਾਨੀਏਲ ਨੂੰ ਸ਼ੇਰਾਂ ਦੇ ਘੁਰੇ ਵਿੱਚ ਸੁੱਟ ਕੇ ਮਾਰਣ ਦਾ ਹੁਕਮ ਦਿੱਤਾ ਗਿਆ। ਦਾਨੀਏਲ ਨੂੰ ਭੁੱਖੇ ਸ਼ੇਰਾਂ ਦੇ ਅੱਗੇ ਸੁੱਟਣ ਤੋਂ ਪਹਿਲਾਂ, ਬਾਦਸ਼ਾਹ ਦਾਰਾ ਨੇ ਉਸ ਨੂੰ ਆਖਿਆ, "ਤੇਰਾ ਪਰਮੇਸ਼ਵਰ, ਜਿਹ ਦੀ ਉਪਾਸਨਾ ਤੂੰ ਸਦਾ ਕਰਦਾ ਹੈ,



ਬਾਦਸ਼ਾਹ ਉਸ ਰਾਤ ਨਾਂ ਸੁੱਤਾ। ਅਗਲੀ ਸਵੇਰ ਉਹ ਮੂੰਹ ਹਨ੍ਹੇਰ ਹੀ ਉੱਠਿਆ, ਅਤੇ ਛੇਤੀ ਨਾਲ ਸ਼ੇਰਾਂ ਦੇ ਘੁਰੇ ਵੱਲ ਗਿਆ।



ਬਾਦਸ਼ਾਹ ਦਾਰਾ ਨੇ ਪੁਕਾਰਿਆ,
“ਦਾਨੀਏਲ, ਜੀਉਂਦੇ ਪਰਮੇਸ਼ਵਰ ਦੇ ਉਪਾਸਕ, ਕੀ
ਤੇਰਾ ਪਰਮੇਸ਼ਵਰ ਜਿਸ ਦੀ ਤੂੰ ਲਗਾਤਾਰ ਉਪਾਸਨਾ
ਕਰਦਾ ਹੈ, ਤੈਨੂੰ ਸ਼ੇਰਾਂ ਥੋਂ ਬਚਾਉਣ ਯੋਗ
ਹੋਇਆ?” ਸ਼ਾਇਦ ਉਸ ਨੇ ਉੱਤਰ
ਦੀ ਆਸ ਨਹੀ ਕੀਤੀ ਸੀ।
ਪਰ ਦਾਨੀਏਲ ਨੇ
ਜਵਾਬ ਦਿੱਤਾ!



ਦਾਨੀਏਲ ਨੇ ਆਖਿਆ, “ਹੇ ਬਾਦਸ਼ਾਹ, ਮੇਰੇ ਪਰਮੇਸ਼ਵਰ ਨੇ ਦੂਤ ਭੇਜਿਆ ਅਤੇ ਸ਼ੇਰਾਂ ਦੇ ਮੂੰਹਾਂ ਨੂੰ ਬੰਦ ਰੱਖਿਆ ਹੈ, ਤਾਂ ਜੋ ਉਹ ਮੈਨੂੰ ਦੁਖ ਨਾ ਦੇ ਸਕਣ! ਅਤੇ ਨਾਲ ਹੀ, ਹੇ ਬਾਦਸ਼ਾਹ, ਮੈ ਤੇਰੇ ਅੱਗੇ ਵੀ ਬੁਰਾਈ ਨਹੀ ਕੀਤੀ। ”





ਬਾਦਸ਼ਾਹ ਦਾਰਾ ਬਹੁਤ ਖੁਸ਼ ਹੋਇਆ! ਉਸ ਨੇ ਦਾਨੀਏਲ ਨੂੰ ਘੁਰੇ ਵਿੱਚੋਂ ਬਾਹਰ ਕੱਢਣ ਦੀ ਆਗਿਆ ਦਿੱਤੀ।



ਬਾਦਸ਼ਾਹ ਜਾਣ
ਗਿਆ ਕੀ ਪਰਮੇਸ਼ਵਰ
ਨੇ ਦਾਨੀਏਲ ਨੂੰ ਬਚਾਇਆ
ਹੈ ਅਤੇ ਦਾਨੀਏਲ
ਦੇ ਦੁਸ਼ਮਣ
ਪਰਮੇਸ਼ਵਰ
ਦੇ ਦੁਸ਼ਮਣ
ਸਨ।



ਉਸ ਨੇ ਹੁਕਮ ਦਿੱਤਾ,
ਅਤੇ ਉਹ ਸਾਰੇ ਜਿਹਨਾਂ ਨੇ
ਮੈਨੂੰ ਉਸ ਕਾਨੂੰਨ ਤੇ ਹਸਤਾਖਰ
ਕਰਨ ਲਈ ਧੋਖਾ ਦਿੱਤਾ
ਸ਼ੇਰਾਂ ਦੇ ਘੁਰੇ
ਵਿੱਚ ਸੁੱਟ
ਦਿਓ। ਸ਼ੇਰ
ਉਹਨਾਂ ਨੂੰ
ਖਾ ਗਏ।



ਬਾਦਸ਼ਾਹ ਦਾਰਾ ਚਾਹੁੰਦਾ ਸੀ ਕੀ ਸੰਸਾਰ ਜਾਣੇ ਜੋ ਸਵਰਗ ਦੇ ਪਰਮੇਸ਼ਵਰ ਨੇ ਆਪਣੇ ਵਫਾਦਾਰ ਸੇਵਕ ਦਾਨੀਏਲ ਨੂੰ ਬਚਾਇਆ ਹੈ।



ਬਾਦਸ਼ਾਹ ਨੇ ਇੱਕ ਚਿੱਠੀ ਲਿਖੀ ਜਿਸ ਵਿੱਚ ਇਹ ਆਗਿਆ ਸੀ ਕੀ ਹਰ ਕੋਈ ਜਿੰਦਾ ਪਰਮੇਸ਼ਵਰ ਦੀ ਉਪਾਸਨਾ ਕਰੇ। ਅਤੇ ਬਾਦਸ਼ਾਹ ਨੇ ਦਾਨੀਏਲ ਨੂੰ ਮੁੜ ਸਨਮਾਨ ਅਤੇ ਅਧਿਕਾਰ ਦਿੱਤੇ।



# ਦਾਨੀਏਲ ਅਤੇ ਸ਼ੇਰਾਂ ਦੇ ਘੁਰੇ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹ

ਦਾਨੀਏਲ ਦੀ ਕਿਤਾਬ 6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16